# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਬਾਰੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਿੱਖਿਆ ਬਿਊਰੋ

- ਸਰਕਾਰ ਚੀਨੀ ਨਾ ਬੋਲਣ ਵਾਲੇ (NCS) ਵਿਦਿਆਰਥੀਆਂ[1] ਨੂੰ ਕਮਿਊਨਿਟੀ ਵਿੱਚ ਸ਼ਾਮਿਲ ਕਰਨ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਦੇਣ ਲਈ ਵਚਨਬੱਧ ਹੈ, ਜਿਸ ਵਿੱਚ ਉਨ੍ਹਾਂ ਨੂੰ ਸਥਾਨਕ ਸਿੱਖਿਆ ਪ੍ਰਣਾਲੀ ਵਿੱਚ ਛੇਤੀ ਢਾਲਣ ਦੀ ਸਹੂਲਤ ਅਤੇ ਚੀਨੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਸ਼ਾਮਿਲ ਹੈ। ਸਾਰੇ ਯੋਗ ਬੱਚੇ, ਉਨ੍ਹਾਂ ਦੀ ਨਸਲ ਜਾਂ ਜਨਮ ਸਥਾਨ ਦੀ ਪਰਵਾਹ ਕੀਤੇ ਬਿਨਾਂ, ਸੰਬੰਧਿਤ ਸਕੂਲ ਸਥਾਨ ਵੰਡ ਪ੍ਰਣਾਲੀਆਂ ਅਧੀਨ ਸਰਕਾਰੀ ਖੇਤਰ ਦੇ ਸਕੂਲਾਂ ਦੀ ਪ੍ਰਾਇਮਰੀ ਵਨ ਅਤੇ ਸੈਕੰਡਰੀ ਵਨ ਕਲਾਸਾਂ ਵਿੱਚ ਦਾਖਲੇ ਲਈ ਬਰਾਬਰ ਮੌਕਿਆਂ ਦਾ ਲਾਭ ਲੈਂਦੇ ਹਨ। ਇਹ ਪ੍ਰਣਾਲੀਆਂ ਮਾਪਿਆਂ ਦੀਆਂ ਸਕੂਲ ਸੰਬੰਧੀ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਰਪੱਖ ਅਤੇ ਪਾਰਦਰਸ਼ੀ ਹਨ। ਸਿੱਖਿਆ ਬਿਊਰੋ (EDB) NCS ਵਿਦਿਆਰਥੀਆਂ ਨੂੰ ਚੀਨੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨ ਅਤੇ ਕਮਿਊਨਿਟੀ ਵਿੱਚ ਰਲਣ-ਮਿਲਣ ਵਿੱਚ ਮਦਦ ਕਰਨ ਲਈ ਵਿਭਿੰਨ ਰਣਨੀਤੀਆਂ ਰਾਹੀਂ ਸਰਬਪੱਖੀ ਸਿੱਖਣ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਨੀਤੀ ਦਾ ਉਦੇਸ਼ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕਰਨਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸੰਭਵ ਹੋ ਸਕੇ ਤਾਂ ਜਿੰਨੀ ਜਲਦੀ ਹੋ ਸਕੇ ਚੀਨੀ ਭਾਸ਼ਾ ਵਾਲੇ ਮਾਹੌਲ ਵਾਲੇ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ, ਤਾਂ ਜੋ ਉਨ੍ਹਾਂ ਲਈ ਚੀਨੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨੀ ਆਸਾਨ ਹੋਵੇ। ਮੁੱਖ ਸਹਾਇਤਾ ਉਪਾਅ ਹੇਠ ਲਿਖੇ ਅਨੁਸਾਰ ਹਨ:

### "ਚੀਨੀ ਭਾਸ਼ਾ ਪਾਠਕ੍ਰਮ ਦੂਜੀ ਭਾਸ਼ਾ ਸਿੱਖਣ ਦਾ ਫਰੇਮਵਰਕ"

| | |
|---|---|
| ਸੰਬੰਧਿਤ ਸੇਵਾਵਾਂ | • ਸਕੂਲੀ ਸਾਲ ਤੋਂ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਨੂੰ ਕਲਾਸਰੂਮ ਵਿੱਚ ਚੀਨੀ ਸਿੱਖਣ ਦੇ ਸਬੰਧ ਵਿੱਚ, NCS ਵਿਦਿਆਰਥੀਆਂ ਨੂੰ ਚੀਨੀ ਸਿੱਖਣ ਵਿੱਚ ਮਦਦ ਕਰਨ ਲਈ, "ਚੀਨੀ ਭਾਸ਼ਾ ਪਾਠਕ੍ਰਮ ਦੂਜੀ ਭਾਸ਼ਾ ਸਿੱਖਣ ਦਾ ਫਰੇਮਵਰਕ" ("ਲਰਨਿੰਗ ਫਰੇਮਵਰਕ") 2014/15 ਵਿੱਚ ਲਾਗੂ ਕੀਤਾ ਗਿਆ ਹੈ, ਜੋ ਸਿੱਖਣ ਅਤੇ ਅਧਿਆਪਨ ਦੀ ਸਮੱਗਰੀ ਨਾਲ ਹੋਰ ਮਜ਼ਬੂਤ ਕੀਤਾ ਗਿਆ ਹੈ। |
| ਮੌਜੂਦਾ ਉਪਾਅ | *ਸਿੱਖਣ ਦਾ ਫਰੇਮਵਰਕ*<br>• ਲਰਨਿੰਗ ਫਰੇਮਵਰਕ ਚੀਨੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਸਿੱਖਣ ਵਾਲੇ NCS ਵਿਦਿਆਰਥੀਆਂ ਦੀਆਂ ਲੋੜਾਂ ਦੇ ਅਨੁਸਾਰ ਸਿੱਖਣ ਅਤੇ ਸਿਖਾਉਣ ਦੇ ਨਾਲ-ਨਾਲ ਮੁਲਾਂਕਣ ਲਈ ਕਦਮ ਅਤੇ ਤਰੀਕੇ ਪ੍ਰਦਾਨ ਕਰਦਾ ਹੈ। ਲਰਨਿੰਗ ਫਰੇਮਵਰਕ ਦੇ ਆਧਾਰ 'ਤੇ, ਅਧਿਆਪਕ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਸਬੰਧੀ ਸਿੱਖਣ ਦੇ ਉਦੇਸ਼, ਸਿੱਖਣ ਦੀ ਪ੍ਰਗਤੀ ਅਤੇ ਅਪੇਖਿਤ ਸਿੱਖਣ ਨਤੀਜੇ ਨਿਰਧਾਰਤ ਕਰ ਸਕਦੇ ਹਨ। ਇਸ ਦੇ ਨਾਲ ਹੀ, ਉਹ ਵੱਖ-ਵੱਖ ਸ਼ੁਰੂਆਤੀ ਪੱਧਰਾਂ ਅਤੇ ਯੋਗਤਾਵਾਂ ਵਾਲੇ NCS ਵਿਦਿਆਰਥੀਆਂ ਲਈ ਸਕੂਲ-ਅਧਾਰਿਤ ਅਧਿਆਪਨ ਸਮੱਗਰੀ ਨੂੰ ਅਨੁਕੂਲਿਤ ਅਤੇ ਵਿਕਸਿਤ ਕਰ ਸਕਦੇ ਹਨ, ਤਾਂ ਜੋ ਉਨ੍ਹਾਂ ਨੂੰ ਕਦਮ-ਦਰ-ਕਦਮ ਚੀਨੀ ਭਾਸ਼ਾ ਸਿੱਖਣ ਵਿੱਚ ਮਦਦ ਮਿਲ ਸਕੇ। |

[1] ਵਿਦਿਅਕ ਸਹਾਇਤਾ ਉਪਾਵਾਂ ਦੀ ਯੋਜਨਾ ਬਣਾਉਣ ਲਈ, ਜਿਨ੍ਹਾਂ ਵਿਦਿਆਰਥੀਆਂ ਦੀ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਚੀਨੀ ਨਹੀਂ ਹੈ, ਉਨ੍ਹਾਂ ਨੂੰ ਆਮ ਤੌਰ 'ਤੇ NCS ਵਿਦਿਆਰਥੀਆਂ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਸਿੱਖਿਆ ਬਿਊਰੋ ਸਿੱਖਿਆ-ਸੰਬੰਧੀ ਉਦੇਸ਼ਾਂ ਲਈ ਹਰ ਸਕੂਲੀ ਸਾਲ ਦੌਰਾਨ ਸਕੂਲਾਂ ਤੋਂ ਵਿਦਿਆਰਥੀਆਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ, ਜਿਸ ਵਿੱਚ ਉਨ੍ਹਾਂ ਦੀ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ, ਨਸਲੀ ਪਿਛੋਕੜ ਆਦਿ ਸ਼ਾਮਲ ਹੁੰਦੇ ਹਨ।

- ਅਧਿਆਪਕਾਂ ਨੂੰ ਪਾਠਕ੍ਰਮ ਦੀ ਯੋਜਨਾ ਬਣਾਉਣ, ਸਿੱਖਣ ਅਤੇ ਅਧਿਆਪਨ, ਅਤੇ ਮੁਲਾਂਕਣ ਸਬੰਧੀ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ, EDB ਲਗਾਤਾਰ ਵਿਭਿੰਨ ਕਿਸਮ ਦੇ ਸਿੱਖਣ ਅਤੇ ਅਧਿਆਪਨ ਸਰੋਤ ਵਿਕਸਿਤ ਕਰ ਰਿਹਾ ਹੈ, ਜਿਵੇਂ ਕਿ "ਚੀਨੀ ਨਾ ਬੋਲਣ ਵਾਲੇ (NCS) ਵਿਦਿਆਰਥੀਆਂ ਲਈ ਚੀਨੀ ਭਾਸ਼ਾ ਮੁਲਾਂਕਣ ਸਾਧਨ" ਅਤੇ ਅਧਿਆਪਨ ਸੰਦਰਭ ਸਮੱਗਰੀ। ਇਸ ਤੋਂ ਇਲਾਵਾ, EDB ਨੇ ਪ੍ਰਾਇਮਰੀ ਪੱਧਰ ਦੇ NCS ਵਿਦਿਆਰਥੀਆਂ ਲਈ ਸਿੱਖਣ ਅਤੇ ਅਧਿਆਪਨ ਸਮੱਗਰੀ ਦਾ ਇੱਕ ਸੈੱਟ ਤਿਆਰ ਕੀਤਾ ਹੈ, ਜਿਸ ਵਿੱਚ ਵਿਦਿਆਰਥੀ ਪਾਠ-ਪੁਸਤਕਾਂ, ਵਰਕਬੁੱਕਾਂ ਅਤੇ ਅਧਿਆਪਨ ਸੰਦਰਭ ਸਮੱਗਰੀ ਸ਼ਾਮਲ ਹਨ। ਇਹ ਸਮੱਗਰੀ EDB ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਹੈ ਅਤੇ ਸਕੂਲਾਂ ਨੂੰ ਵੀ ਵੰਡੀ ਗਈ ਹੈ। ਸਕੂਲ ਆਪਣੇ ਪਾਠਕ੍ਰਮ ਦੇ ਸੰਦਰਭ ਵਿੱਚ ਇਨ੍ਹਾਂ ਸਮੱਗਰੀਆਂ ਨੂੰ ਅਨੁਕੂਲਿਤ ਕਰ ਸਕਦੇ ਹਨ, ਤਾਂ ਜੋ NCS ਵਿਦਿਆਰਥੀਆਂ ਦੀਆਂ ਵੱਖ-ਵੱਖ ਸਿੱਖਣ ਸੰਬੰਧੀ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ, EDB ਨੇ NCS ਵਿਦਿਆਰਥੀਆਂ ਲਈ ਆਨਲਾਈਨ ਚੀਨੀ ਭਾਸ਼ਾ ਸਵੈ-ਅਧਿਐਨ ਸਰੋਤ ਵੀ ਤਿਆਰ ਕੀਤੇ ਹਨ, ਜੋ ਉਨ੍ਹਾਂ ਨੂੰ ਵਿਭਿੰਨ ਸਿੱਖਣ ਸਮੱਗਰੀ ਪ੍ਰਦਾਨ ਕਰਦੇ ਹਨ, ਤਾਂ ਜੋ ਉਹ ਕਲਾਸਰੂਮ ਤੋਂ ਬਾਹਰ ਵੀ ਆਪਣੀ ਸਿੱਖਿਆ ਨੂੰ ਅੱਗੇ ਵਧਾ ਸਕਣ ਅਤੇ ਆਪਣੀ ਸਿੱਖਿਆ ਨੂੰ ਮਜ਼ਬੂਤ ਕਰ ਸਕਣ। ਇਹ ਸਾਰੇ ਸਰੋਤ EDB ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਲਗਾਤਾਰ ਅੱਪਡੇਟ ਕੀਤਾ ਜਾਂਦਾ ਰਹੇਗਾ।

*ਸਕੂਲਾਂ ਲਈ ਫੰਡਿੰਗ ਸਹਾਇਤਾ*

- 2026/27 ਸਕੂਲੀ ਸਾਲ ਤੋਂ, NCS ਵਿਦਿਆਰਥੀਆਂ ਅਤੇ ਵਿਸ਼ੇਸ਼ ਸਿੱਖਿਆਈ ਲੋੜਾਂ (SEN) ਵਾਲੇ NCS ਵਿਦਿਆਰਥੀਆਂ ਲਈ ਵੱਖ-ਵੱਖ ਸਹਾਇਤਾ ਗ੍ਰਾਂਟਾਂ ਨੂੰ ਇੱਕ ਸੰਯੁਕਤ ਸਹਾਇਤਾ ਗ੍ਰਾਂਟ ਵਿੱਚ ਮਿਲਾ ਦਿੱਤਾ ਜਾਵੇਗਾ, ਜੋ ਇੱਕ ਨਵੇਂ ਸੁਧਾਰੇ ਗਏ ਫੰਡਿੰਗ ਮਾਡਲ ਦੇ ਅਧਾਰ 'ਤੇ ਹੋਵੇਗੀ। ਸਰਕਾਰੀ ਖੇਤਰ ਦੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ, ਵਿਸ਼ੇਸ਼ ਸਕੂਲ ਅਤੇ ਸਥਾਨਕ ਪਾਠਕ੍ਰਮ ਪ੍ਰਦਾਨ ਕਰਨ ਵਾਲੇ ਡਾਇਰੈਕਟ ਸਬਸਿਡੀ ਸਕੀਮ (DSS) ਸਕੂਲ, ਜਿਨ੍ਹਾਂ ਵਿੱਚ NCS ਵਿਦਿਆਰਥੀ ਦਾਖਲ ਹਨ, ਨੂੰ ਇਹ ਗ੍ਰਾਂਟ ਦਿੱਤੀ ਜਾਵੇਗੀ। ਇਸ ਦਾ ਉਦੇਸ਼ NCS ਵਿਦਿਆਰਥੀਆਂ ਦੀ ਚੀਨੀ ਭਾਸ਼ਾ ਸਿੱਖਣ ਲਈ ਸਹਾਇਤਾ ਨੂੰ ਮਜ਼ਬੂਤ ਕਰਨਾ, ਸਕੂਲਾਂ ਵਿੱਚ ਸਮਾਵੇਸ਼ੀ ਸਿੱਖਣ ਮਾਹੌਲ ਬਣਾਉਣਾ ਅਤੇ ਉਨ੍ਹਾਂ ਨੂੰ ਹੋਰ ਸਰਬਪੱਖੀ ਸਹਾਇਤਾ ਪ੍ਰਦਾਨ ਕਰਨਾ ਹੈ। ਨਵਾਂ ਫੰਡਿੰਗ ਮਾਡਲ ਇੱਕ ਬੁਨਿਆਦੀ ਪ੍ਰਬੰਧ ਅਤੇ NCS ਵਿਦਿਆਰਥੀਆਂ ਦੀ ਅਸਲ ਗਿਣਤੀ ਦੇ ਆਧਾਰ 'ਤੇ ਗਿਣੀ ਜਾਣ ਵਾਲੀ ਵਾਧੂ ਰਕਮ ਨੂੰ ਜੋੜੇਗਾ। ਇਸ ਤੋਂ ਇਲਾਵਾ, SEN ਵਾਲੇ NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਨੂੰ ਵਿਦਿਆਰਥੀਆਂ ਲਈ ਭਾਵਨਾਤਮਕ, ਸੰਚਾਰ ਅਤੇ ਸਮਾਜਿਕ ਸਹਾਇਤਾ ਮਜ਼ਬੂਤ ਕਰਨ ਲਈ ਵਾਧੂ ਸਹਾਇਤਾ ਰਕਮ ਦਿੱਤੀ ਜਾਵੇਗੀ, ਤਾਂ ਜੋ ਉਨ੍ਹਾਂ ਦੀਆਂ ਵੱਖ-ਵੱਖ ਸਿੱਖਣ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਇਨ੍ਹਾਂ ਵਿੱਚੋਂ, 1 ਤੋਂ 5 NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ ਸਕੂਲਾਂ ਨੂੰ ਘੱਟੋ-ਘੱਟ $230,000 ਦੀ ਬੁਨਿਆਦੀ ਸਹਾਇਤਾ ਰਕਮ ਮਿਲੇਗੀ, ਜੋ ਮੌਜੂਦਾ ਫੰਡਿੰਗ ਮਾਡਲ ਅਧੀਨ ਘੱਟੋ-ਘੱਟ ਗ੍ਰਾਂਟ ਦਰ ਨਾਲੋਂ 40% ਵੱਧ ਹੈ।

- ਸਕੂਲ ਇਸ ਵਾਧੂ ਫੰਡਿੰਗ ਦੀ ਵਰਤੋਂ ਅਧਿਆਪਕਾਂ ਦੀ ਸਹਾਇਤਾ ਲਈ ਵਾਧੂ ਕਰਮਚਾਰੀ ਨਿਯੁਕਤ ਕਰਨ ਵਾਸਤੇ ਕਰ ਸਕਦੇ ਹਨ, ਤਾਂ ਜੋ ਉਹ ਗਤੀਵਿਧੀਆਂ ਅਤੇ ਅਧਿਆਪਨ ਸਮੱਗਰੀ ਤਿਆਰ ਕਰਨ ਵਿੱਚ ਮਦਦ ਕਰ ਸਕਣ। ਇਸ ਤੋਂ ਇਲਾਵਾ, ਸਕੂਲ ਸਿੱਖਣ ਅਤੇ ਅਧਿਆਪਨ ਸਰੋਤਾਂ ਦੀ ਖਰੀਦ, ਪੇਸ਼ੇਵਰ ਸੇਵਾਵਾਂ ਪ੍ਰਾਪਤ ਕਰਨ ਅਤੇ ਸਕੂਲਾਂ ਵਿੱਚ ਸਮਾਵੇਸ਼ੀ ਸਿੱਖਣ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਆਯੋਜਿਤ ਕਰਨ ਲਈ ਵੀ ਇਸ ਫੰਡਿੰਗ ਦੀ ਵਰਤੋਂ ਕਰ ਸਕਦੇ ਹਨ।

*ਅਧਿਆਪਕਾਂ ਦਾ ਪੇਸ਼ੇਵਰ ਵਿਕਾਸ*

- NCS ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਸਾਰੇ ਚੀਨੀ ਭਾਸ਼ਾ ਅਧਿਆਪਕਾਂ ਨੂੰ ਸਿਖਲਾਈ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। NCS ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਪੇਸ਼ੇਵਰ ਯੋਗਤਾ ਨੂੰ ਹੋਰ ਮਜ਼ਬੂਤ ਕਰਨ ਲਈ, EDB ਸੰਰਚਿਤ ਅਤੇ ਵੱਖ-ਵੱਖ ਕਿਸਮ ਦੇ ਅਧਿਆਪਕ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਦਾ ਆਯੋਜਨ ਲਗਾਤਾਰ ਕਰਦਾ ਹੈ, ਅਤੇ ਨਾਲ ਹੀ ਅਧਿਆਪਕਾਂ ਵਿਚਕਾਰ ਪੇਸ਼ੇਵਰ ਅਨੁਭਵ ਸਾਂਝੇ ਕਰਨ ਦੀਆਂ ਗਤੀਵਿਧੀਆਂ ਦਾ ਵੀ ਪ੍ਰਬੰਧ ਕਰਦਾ ਹੈ, ਤਾਂ ਜੋ NCS ਵਿਦਿਆਰਥੀਆਂ ਨੂੰ ਪੜ੍ਹਾਉਣ ਵਿੱਚ ਚੀਨੀ ਭਾਸ਼ਾ ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਹੋਰ ਵਧਾਇਆ ਜਾ ਸਕੇ।

- EDB ਐਜੂਕੇਸ਼ਨ ਯੂਨੀਵਰਸਿਟੀ ਆਫ਼ ਹਾਂਗ ਕਾਂਗ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਸੇਵਾ-ਨਿਭਾ ਰਹੇ ਚੀਨੀ ਭਾਸ਼ਾ ਅਧਿਆਪਕਾਂ ਅਤੇ ਕਿੰਡਰਗਾਰਟਨ ਅਧਿਆਪਕਾਂ ਲਈ “NCS ਵਿਦਿਆਰਥੀਆਂ ਨੂੰ ਚੀਨੀ ਭਾਸ਼ਾ ਪੜ੍ਹਾਉਣ ਸੰਬੰਧੀ ਪੇਸ਼ੇਵਰ ਵਿਕਾਸ ਪ੍ਰੋਗਰਾਮ ਸਰਟੀਫਿਕੇਟ” ਅਤੇ “NCS ਬੱਚਿਆਂ ਨੂੰ ਚੀਨੀ ਭਾਸ਼ਾ ਪੜ੍ਹਾਉਣ ਸੰਬੰਧੀ ਪੇਸ਼ੇਵਰ ਵਿਕਾਸ ਪ੍ਰੋਗਰਾਮ ਸਰਟੀਫਿਕੇਟ” ਕੋਰਸ ਜਾਰੀ ਰੱਖਣ ਲਈ ਸਹਾਇਤਾ ਪ੍ਰਦਾਨ ਕਰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ NCS ਵਿਦਿਆਰਥੀਆਂ ਨੂੰ ਚੀਨੀ ਭਾਸ਼ਾ ਪੜ੍ਹਾਉਣ ਵਿੱਚ ਅਧਿਆਪਕਾਂ ਦੀ ਪ੍ਰਭਾਵਸ਼ੀਲਤਾ ਨੂੰ ਹੋਰ ਬਿਹਤਰ ਬਣਾਉਣਾ ਹੈ।

- ਸਕੂਲਾਂ ਵਿਚਕਾਰ ਪੇਸ਼ੇਵਰ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਸਕੂਲਾਂ ਨੂੰ NCS ਵਿਦਿਆਰਥੀਆਂ ਦੀ ਚੀਨੀ ਭਾਸ਼ਾ ਸਿੱਖਣ ਵਿੱਚ ਸਹਾਇਤਾ ਕਰਨ ਅਤੇ ਸੱਭਿਆਚਾਰਕ ਏਕੀਕਰਨ ਨੂੰ ਉਤਸ਼ਾਹਿਤ ਕਰਨ ਸਬੰਧੀ ਆਪਣੇ ਚੰਗੇ ਅਭਿਆਸਾਂ ਅਤੇ ਸਕੂਲ-ਅਧਾਰਤ ਤਜਰਬਿਆਂ ਨੂੰ ਸਾਂਝਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਸਮਾਨ ਮੌਕਾ ਕਮਿਸ਼ਨ ਦੇ ਸਹਿਯੋਗ ਨਾਲ ਸਕੂਲਾਂ ਲਈ ਹਰ ਸਾਲਾਨਾ ਸਾਂਝਾ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ, ਤਾਂ ਜੋ ਇਹ ਸਮਝਾਇਆ ਜਾ ਸਕੇ ਕਿ ਹਾਂਗ ਕਾਂਗ ਦੇ ਕਾਨੂੰਨਾਂ ਦੇ ਅਧਿਆਇ 602 ਅਧੀਨ ਨਸਲੀ ਭੇਦਭਾਵ ਆਰਡੀਨੈਂਸ ਨੀਤੀਆਂ ਬਣਾਉਣ ਸਮੇਂ ਸਕੂਲਾਂ ਨਾਲ ਕਿਵੇਂ ਸੰਬੰਧਿਤ ਹੈ, ਅਤੇ ਸਕੂਲਾਂ ਨੂੰ ਸੱਭਿਆਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

*ਵੱਖ-ਵੱਖ ਗਤੀਵਿਧੀਆਂ*

- NCS ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਤੋਂ ਸਿੱਖਣ ਲਈ, ਉਹਨਾਂ ਦੀ ਭਾਸ਼ਾ ਦੀ ਮਹਾਰਤ ਅਤੇ ਭਾਸ਼ਾ ਸਿੱਖਣ ਵਿੱਚ ਰੁਚੀ ਵਧਾਉਣ, ਅਤੇ ਉਹਨਾਂ ਦੇ ਭਾਸ਼ਾ ਸਿੱਖਣ ਦੇ ਤਜ਼ਰਬਿਆਂ ਨੂੰ ਵਧਾਉਣ ਲਈ, ਸਿੱਖਿਆ ਬਿਊਰੋ ਲਗਾਤਾਰ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ, ਜਿਵੇਂ ਕਿ "ਗੈਰ-ਚੀਨੀ ਬੋਲਣ ਵਾਲੇ ਵਿਦਿਆਰਥੀਆਂ ਲਈ ਚੀਨੀ ਪ੍ਰਤਿਭਾ ਪ੍ਰਤੀਯੋਗਤਾ" ਅਤੇ "ਪੈਦਲ ਚੱਲਦਿਆਂ ਚੀਨੀ ਭਾਸ਼ਾ ਸਿੱਖਣਾ", ਤਾਂ ਜੋ ਵਿਦਿਆਰਥੀਆਂ ਨੂੰ ਕਲਾਸਰੂਮ ਤੋਂ ਬਾਹਰ ਵੀ ਆਪਣੀ ਸਿੱਖਿਆ ਦਾ ਵਿਸਤਾਰ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਸਕੂਲ-ਅਧਾਰਤ ਸਹਾਇਤਾ ਸੇਵਾਵਾਂ

- EDB ਵੱਲੋਂ ਵੱਖ-ਵੱਖ ਸਕੂਲ-ਆਧਾਰਿਤ ਸਹਾਇਤਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸਕੂਲਾਂ ਨੂੰ ਸਿਖਲਾਈ ਢਾਂਚੇ (ਲਰਨਿੰਗ ਫਰੇਮਵਰਕ) ਦੇ ਹਵਾਲੇ ਨਾਲ ਆਪਣੇ ਪਾਠਕ੍ਰਮ ਨੂੰ ਅਨੁਕੂਲ ਬਣਾਉਣ ਅਤੇ ਉਚਿਤ ਸਿੱਖਣ-ਸਿਖਲਾਈ ਸਮੱਗਰੀ ਤਿਆਰ ਕਰਨ ਵਿੱਚ ਮਦਦ ਕਰਨਾ ਸ਼ਾਮਲ ਹੈ। ਸਾਈਟ 'ਤੇ ਸਹਾਇਤਾ, ਪੇਸ਼ੇਵਰ ਸਿਖਲਾਈ ਭਾਈਚਾਰਿਆਂ ਦਾ ਨਿਰਮਾਣ ਅਤੇ ਸਕੂਲਾਂ ਵਿੱਚ ਅਨੁਭਵ ਸਾਂਝਾ ਕਰਨ ਦੁਆਰਾ, NCS ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੀਨੀ ਸਿੱਖਣ ਵਿੱਚ ਮਦਦ ਕਰਨ ਲਈ ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਹਰ ਸਕੂਲੀ ਸਾਲ, ਸਕੂਲ ਆਪਣੀਆਂ ਵਿਕਾਸ ਜ਼ਰੂਰਤਾਂ ਦੇ ਅਨੁਸਾਰ ਸੰਬੰਧਿਤ ਸਹਾਇਤਾ ਸੇਵਾਵਾਂ ਲਈ ਅਰਜ਼ੀ ਦੇ ਸਕਦੇ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • EDB ਲਗਾਤਾਰ ਅਧਾਰ 'ਤੇ ਸੰਬੰਧਤ ਸਹਾਇਤਾ ਉਪਾਆਂ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਅਤੇ ਮੁਲਾਂਕਣ ਕਰਦਾ ਹੈ, ਅਤੇ ਉਪਾਆਂ ਵਿੱਚ ਲੋੜ ਅਨੁਸਾਰ ਸੋਧ ਕਰਦਾ ਹੈ। ਅਸੀਂ ਸਕੂਲ ਦੁਆਰਾ ਅਪਣਾਏ ਗਏ ਸਿਖਲਾਈ ਦੇ ਉਦੇਸ਼ਾਂ, ਪਾਠਕ੍ਰਮ ਦੀ ਯੋਜਨਾ, ਸਿੱਖਣ-ਸਿਖਲਾਈ ਸਮੱਗਰੀ ਅਤੇ ਅਧਿਆਪਨ ਰਣਨੀਤੀਆਂ, NCS ਵਿਦਿਆਰਥੀਆਂ ਦੀ ਭਾਸ਼ਾਈ ਮਹਾਰਤ, ਸਿੱਖਣ ਦੀ ਪ੍ਰੇਰਣਾ ਅਤੇ ਪ੍ਰਭਾਵਸ਼ਾਲੀ ਸਿੱਖਣ ਵਿੱਚ ਯੋਗਦਾਨ ਪਾਉਣ ਵਾਲੇ ਹੋਰ ਕਾਰਕਾਂ ਦੀ ਸਮੀਖਿਆ ਕਰਾਂਗੇ। |
| ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • EDB ਹਿੱਸੇਦਾਰਾਂ ਤੋਂ ਵਿਚਾਰ ਇਕੱਤਰ ਕਰਨਾ ਜਾਰੀ ਰੱਖੇਗਾ ਅਤੇ ਸਹਾਇਤਾ ਉਪਾਆਂ ਦੀ ਸੋਧ 'ਤੇ ਲੋੜ ਅਨੁਸਾਰ ਵਿਚਾਰ ਕਰੇਗਾ। |

**ਕਈ ਮਾਰਗਾਂ ਵੱਲ ਪ੍ਰਗਤੀ**

| | |
|---|---|
| ਸੰਬੰਧਿਤ ਸੇਵਾਵਾਂ | • NCS ਵਿਦਿਆਰਥੀ ਆਪਣੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਹਾਂਗਕਾਂਗ ਡਿਪਲੋਮਾ ਆਫ਼ ਸੈਕੰਡਰੀ ਸਿੱਖਿਆ ਪ੍ਰੀਖਿਆ (HKDSE) ਵਿੱਚ ਚੀਨੀ ਭਾਸ਼ਾ, ਜਾਂ ਅਪਲਾਈਡ ਚੀਨੀ ਸਿੱਖਣਾ (NCS ਵਿਦਿਆਰਥੀਆਂ ਲਈ) (ApL(C)) ਦਾ ਅਧਿਐਨ ਕਰ ਸਕਦੇ ਹਨ, ਅਤੇ/ਜਾਂ ਅੱਗੇ ਦੀ ਪੜ੍ਹਾਈ ਅਤੇ ਕੈਰੀਅਰ ਦੇ ਦੇ ਉਦੇਸ਼ਾਂ ਲਈ ਤਿਆਰੀ ਕਰਨ ਲਈ ਸੀਨੀਅਰ ਸੈਕੰਡਰੀ ਪੱਧਰ 'ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਵਿਕਲਪਕ ਚੀਨੀ ਭਾਸ਼ਾ ਯੋਗਤਾਵਾਂ ਪ੍ਰਾਪਤ ਕਰ ਸਕਦੇ ਹਨ। |
| ਮੌਜੂਦਾ ਉਪਾਅ | *ApL(C)*<br><br>• ਸਕੂਲੀ ਸਾਲ 2014/15 ਤੋਂ ਸ਼ੁਰੂ ਹੋ ਕੇ, ਯੋਗਤਾਵਾਂ ਫਰੇਮਵਰਕ ਦੇ ਪੱਧਰ 1 ਤੋਂ 3 ApL(C) ਦੀ ਸ਼ੁਰੂਆਤ 'ਤੇ ਜ਼ੋਰ ਦਿੱਤਾ ਗਿਆ, ਉਨ੍ਹਾਂ ਨੂੰ ਅੱਗੇ ਦੀ ਪੜ੍ਹਾਈ ਅਤੇ ਕਰੀਅਰ ਦੇ ਉਦੇਸ਼ਾਂ ਲਈ ਤਿਆਰ ਕਰਨ ਲਈ ਇੱਕ ਵਿਕਲਪਕ ਚੀਨੀ ਭਾਸ਼ਾ ਦੀ ਯੋਗਤਾ ਪ੍ਰਾਪਤ ਕਰਨ ਲਈ ਸੀਨੀਅਰ ਸੈਕੰਡਰੀ ਪੱਧਰ 'ਤੇ ਨਿਰਧਾਰਤ ਸਥਿਤੀਆਂ[2] ਨੂੰ ਪੂਰਾ ਕਰਨ ਵਾਲੇ NCS ਵਿਦਿਆਰਥੀਆਂ ਨੂੰ ਇੱਕ ਵਾਧੂ ਮਾਰਗ  ਪ੍ਰਦਾਨ ਕਰਦਾ ਹੈ। ApL(C) ਦੇ ਨਤੀਜੇ HKDSE ਸਰਟੀਫਿਕੇਟ ਉੱਤੇ "Attained" (ਪ੍ਰਾਪਤ ਕੀਤਾ) ਅਤੇ "Attained with Distinction" (ਵਿਸ਼ੇਸ਼ ਯੋਗਤਾ ਨਾਲ ਪ੍ਰਾਪਤ ਕੀਤਾ) ਵਜੋਂ ਦਰਜ ਕੀਤੇ ਜਾਂਦੇ ਹਨ।<br><br>*ਵਿਕਲਪਿਕ ਚੀਨੀ ਭਾਸ਼ਾ ਯੋਗਤਾ*<br><br>• ਵਿਕਲਪਿਕ ਚੀਨੀ ਭਾਸ਼ਾ ਯੋਗਤਾਵਾਂ ਵਿੱਚ ਸੈਕੰਡਰੀ ਸਿੱਖਿਆ ਦੇ ਜਨਰਲ ਸਰਟੀਫਿਕੇਟ (GCSE), ਅੰਤਰ ਰਾਸ਼ਟਰੀ ਜਨਰਲ ਸਰਟੀਫਿਕੇਟ ਆਫ ਸੈਕੰਡਰੀ ਐਜੂਕੇਸ਼ਨ (IGCSE) ਅਤੇ ਜਨਰਲ ਸਰਟੀਫਿਕੇਟ ਆਫ਼ ਐਜੂਕੇਸ਼ਨ (GCE) ਐਡਵਾਂਸਡ ਸਹਾਇਕ (AS) ਪੱਧਰ ਅਤੇ ਐਡਵਾਂਸਡ (A) ਪੱਧਰ ਅਧੀਨ  ਪ੍ਰਾਪਤ ਕੀਤੀਆਂ ਜਾਣ ਵਾਲੀਆਂ ਯੋਗਤਾਵਾਂ ਸ਼ਾਮਲ ਹਨ।  ਇਨ੍ਹਾਂ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਵਾਲੇ ਯੋਗ NCS ਵਿਦਿਆਰਥੀਆਂ[2] ਨੂੰ HKDSE ਚੀਨੀ ਭਾਸ਼ਾ ਦੀ ਫੀਸ ਦੇ ਬਰਾਬਰ ਸਿਰਫ "ਸਬਸਿਡੀ ਵਾਲੀ ਪ੍ਰੀਖਿਆ ਫੀਸ" ਅਦਾ ਕਰਨ ਦੀ ਹੁੰਦੀ ਲੋੜ ਹੈ। ਯੋਗ ਲੋੜਵੰਦ NCS ਵਿਦਿਆਰਥੀ ਪ੍ਰੀਖਿਆ ਫੀਸ ਛੋਟ ਯੋਜਨਾ ਦੇ ਤਹਿਤ "ਸਬਸਿਡੀ ਵਾਲੀ ਪ੍ਰੀਖਿਆ ਫੀਸ" ਦੀ ਪੂਰੀ ਜਾਂ ਅੱਧੀ ਫੀਸ ਛੋਟ ਲਈ ਵੀ ਬਿਨੈ-ਪੱਤਰ ਦੇ ਸਕਦੇ ਹਨ। |

---

2 ਖਾਸ ਤੌਰ 'ਤੇ, ਇਹ NCS ਵਿਦਿਆਰਥੀ ਉਹ ਹਨ ਜਿਨ੍ਹਾਂ ਨੇ ਚੀਨੀ ਭਾਸ਼ਾ ਦਾ ਅਧਿਐਨ ਹੇਠ ਲਿਖੀਆਂ ਸਥਿਤੀਆਂ ਵਿੱਚ ਕੀਤਾ ਹੈ –

(a) ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਦੌਰਾਨ ਛੇ ਸਾਲ ਤੋਂ ਘੱਟ ਸਮੇਂ ਲਈ ਚੀਨੀ ਭਾਸ਼ਾ ਸਿੱਖੀ ਹੋਵੇ; ਜਾਂ

(b) ਸਕੂਲਾਂ ਵਿੱਚ ਛੇ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਚੀਨੀ ਭਾਸ਼ਾ ਸਿੱਖੀ ਹੋਵੇ, ਪਰ ਉਨ੍ਹਾਂ ਨੂੰ ਚੀਨੀ ਭਾਸ਼ਾ ਦਾ ਅਨੁਕੂਲਿਤ ਅਤੇ ਸਰਲ ਪਾਠਕ੍ਰਮ ਪੜ੍ਹਾਇਆ ਗਿਆ ਹੋਵੇ, ਜੋ ਆਮ ਤੌਰ 'ਤੇ ਸਥਾਨਕ ਸਕੂਲਾਂ ਦੇ ਬਹੁਗਿਣਤੀ ਵਿਦਿਆਰਥੀਆਂ 'ਤੇ ਲਾਗੂ ਨਹੀਂ ਹੁੰਦਾ।

*ਹੋਰ*

- ਪੋਸਟ-ਸੈਕੰਡਰੀ ਸੰਸਥਾਵਾਂ/ਸਿਖਲਾਈ ਸੰਸਥਾਵਾਂ ਨੂੰ ਸਕੂਲ ਛੱਡ ਚੁੱਕੇ NCS ਵਿਦਿਆਰਥੀਆਂ ਲਈ ਯੋਗਤਾ ਫਰੇਮਵਰਕ ਦੇ ਪੱਧਰ 1 ਜਾਂ 2 ਨਾਲ ਸੰਬੰਧਿਤ ਵੋਕੇਸ਼ਨਲ ਚੀਨੀ ਭਾਸ਼ਾ ਕੋਰਸਾਂ ਦਾ ਆਯੋਜਨ ਕਰਨ ਲਈ ਸੱਦਾ ਦਿੱਤਾ ਗਿਆ ਹੈ। ਸੰਬੰਧਿਤ ਲੋੜਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਟਿਊਸ਼ਨ ਫੀਸ 'ਤੇ 85% ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵਿਕਲਪਕ ਚੀਨੀ ਭਾਸ਼ਾ ਯੋਗਤਾਵਾਂ ਅਤੇ ApL(C), ਯੂਨੀਵਰਸਿਟੀ ਗ੍ਰਾਂਟ ਕਮੇਟੀ (UGC) ਦੁਆਰਾ ਵਿੱਤ-ਪ੍ਰਾਪਤ ਯੂਨੀਵਰਸਿਟੀਆਂ, ਜ਼ਿਆਦਾਤਰ ਸੈਕੰਡਰੀ ਤੋਂ ਬਾਅਦ ਦੀਆਂ ਸੰਸਥਾਵਾਂ ਅਤੇ ਸਿਵਲ ਸੇਵਾ ਵਿੱਚ ਨਿਯੁਕਤੀਆਂ ਲਈ ਦਾਖਲੇ ਦੀਆਂ ਸਧਾਰਣ ਲੋੜਾਂ ਨੂੰ ਪੂਰਾ ਕਰਨ ਵਾਸਤੇ ਮਾਨਤਾ ਪ੍ਰਾਪਤ ਹਨ। |
| ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • ਯੋਗ NCS ਵਿਦਿਆਰਥੀਆਂ ਲਈ, ਜੋ HKDSE ਚੀਨੀ ਭਾਸ਼ਾ ਦੀ ਪ੍ਰੀਖਿਆ ਦਿੰਦੇ ਹਨ ਪਰ ਪੱਧਰ 3 ਜਾਂ ਇਸ ਤੋਂ ਉੱਪਰ ਪ੍ਰਾਪਤ ਨਹੀਂ ਕਰਦੇ, UGC-ਦੁਆਰਾ ਵਿੱਤ-ਪ੍ਰਾਪਤ ਯੂਨੀਵਰਸਿਟੀਆਂ ਚੀਨੀ ਭਾਸ਼ਾ ਦੀ ਲੋੜ ਸੰਬੰਧੀ ਆਪਣਾ ਵਿਵੇਕ ਵਰਤ ਸਕਦੀਆਂ ਹਨ ਅਤੇ ਮਾਮਲਾ-ਦਰ-ਮਾਮਲਾ ਅਧਾਰ 'ਤੇ ਦਾਖਲੇ ਲਈ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਵਿਚਾਰ ਕਰ ਸਕਦੀਆਂ ਹਨ। |

## ਹੋਰ ਸਹਾਇਤਾ ਉਪਾਅ

*ਸਮਰ ਬ੍ਰਿਜਿੰਗ ਪ੍ਰੋਗਰਾਮ*

| | |
|---|---|
| ਸੰਬੰਧਿਤ ਸੇਵਾਵਾਂ | • ਸਮਰ ਬ੍ਰਿਜਿੰਗ ਪ੍ਰੋਗਰਾਮ ਦਾ ਉਦੇਸ਼ ਪ੍ਰਾਇਮਰੀ 1 ਵਿੱਚ ਦਾਖਲ ਹੋਣ ਵਾਲੇ NCS ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਸਿੱਖਣ ਦੌਰਾਨ ਚੀਨੀ ਭਾਸ਼ਾ ਦੀ ਵਰਤੋਂ ਨਾਲ ਅਨੁਕੂਲ ਹੋਣ ਵਿੱਚ ਸਹਾਇਤਾ ਕਰਨਾ ਹੈ, ਅਤੇ ਪ੍ਰਾਇਮਰੀ 2 ਤੋਂ 6 ਵਿੱਚ ਜਾਣ ਵਾਲੇ NCS ਵਿਦਿਆਰਥੀਆਂ ਨੂੰ ਸਕੂਲੀ ਸਾਲ ਦੌਰਾਨ ਜੋ ਸਿੱਖਿਆ ਹੈ ਉਸਨੂੰ ਮਜ਼ਬੂਤ ਕਰਨ ਅਤੇ ਅਗਲੇ ਸਕੂਲੀ ਸਾਲ ਵਿੱਚ ਚੀਨੀ ਭਾਸ਼ਾ ਸਿੱਖਣ ਲਈ ਤਿਆਰ ਕਰਨ ਵਿੱਚ ਮਦਦ ਕਰਨੀ ਹੈ। |
| ਮੌਜੂਦਾ ਉਪਾਅ | • ਸਮਰ ਬ੍ਰਿਜਿੰਗ ਪ੍ਰੋਗਰਾਮ ਪ੍ਰਾਇਮਰੀ 1 ਤੋਂ 6 ਵਿੱਚ ਜਾਣ ਵਾਲੇ NCS ਵਿਦਿਆਰਥੀਆਂ ਲਈ ਆਯੋਜਿਤ ਕੀਤਾ ਜਾਂਦਾ ਹੈ। ਭਾਗ ਲੈਣ ਵਾਲੇ NCS ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਵੀ ਮਾਪਿਆਂ ਦੇ ਸਹਿਯੋਗ ਅਤੇ ਘਰ-ਸਕੂਲ ਸਹਿਕਾਰ ਰਾਹੀਂ ਚੀਨੀ ਭਾਸ਼ਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਣ ਲਈ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, EDB ਨੇ "ਸੈਕੰਡਰੀ ਸਕੂਲਾਂ ਵਿੱਚ ਜਾਣ ਵਾਲੇ NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਸਿੱਖਣ ਦੀਆਂ ਚੁਣੌਤੀਆਂ" ਬਾਰੇ ਇੱਕ ਪਰਚਾ ਤਿਆਰ ਕੀਤਾ ਹੈ, ਤਾਂ ਜੋ ਪ੍ਰਾਇਮਰੀ 6 ਦੇ NCS ਵਿਦਿਆਰਥੀਆਂ ਨੂੰ ਸੈਕੰਡਰੀ ਸਕੂਲਾਂ ਵਿੱਚ ਚੀਨੀ ਭਾਸ਼ਾ ਸਿੱਖਣ ਨਾਲ ਅਨੁਕੂਲ ਹੋਣ ਵਿੱਚ ਸਹਾਇਤਾ ਮਿਲ ਸਕੇ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਮਰ ਬ੍ਰਿਜਿੰਗ ਪ੍ਰੋਗਰਾਮ ਦੀ ਲਾਗੂ ਸਥਿਤੀ ਅਤੇ ਪ੍ਰਭਾਵ ਦੀ ਸਾਲਾਨਾ ਸਮੀਖਿਆ ਕੀਤੀ ਜਾਂਦੀ ਹੈ। |
| ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • EDB ਹਿੱਸੇਦਾਰਾਂ ਤੋਂ ਵਿਚਾਰ ਇਕੱਤਰ ਕਰਨਾ ਜਾਰੀ ਰੱਖੇਗਾ ਅਤੇ ਲੋੜ ਅਨੁਸਾਰ ਪ੍ਰੋਗਰਾਮ ਵਿੱਚ ਸੁਧਾਰ ਕਰਨ ਬਾਰੇ ਵਿਚਾਰ ਕਰੇਗਾ। |

*ਸਕੂਲ ਤੋਂ ਬਾਅਦ ਚੀਨੀ ਭਾਸ਼ਾ ਸਬੰਧੀ ਕੋਰਸ*

| | |
|---|---|
| ਸੰਬੰਧਿਤ ਸੇਵਾਵਾਂ | • ਸਕੂਲ ਤੋਂ ਬਾਅਦ ਦੇ ਚੀਨੀ ਭਾਸ਼ਾ ਕੋਰਸਾਂ ਰਾਹੀਂ ਕਲਾਸਰੂਮ ਸਿਖਲਾਈ ਤੋਂ ਇਲਾਵਾ NCS ਵਿਦਿਆਰਥੀਆਂ ਦੇ ਚੀਨੀ ਭਾਸ਼ਾ ਪ੍ਰਤੀ ਸੰਪਰਕ ਵਧਾਉਣਾ ਅਤੇ ਉਨ੍ਹਾਂ ਦੇ ਸਿੱਖਣ ਦੇ ਤਜ਼ਰਬਿਆਂ ਨੂੰ ਪ੍ਰਫੁੱਲਤ ਕਰਨਾ। |
| ਮੌਜੂਦਾ ਉਪਾਅ | • 2023/24 ਸਕੂਲੀ ਸਾਲ ਤੋਂ, EDB ਨੇ ਇੱਕ ਪਾਇਲਟ ਯੋਜਨਾ ਲਾਗੂ ਕੀਤੀ ਹੈ, ਜਿਸ ਦਾ ਉਦੇਸ਼ ਸਕੂਲਾਂ ਨੂੰ "ਯੂਥ ਚਾਈਨੀਜ਼ ਟੈਸਟ" ਦੀਆਂ ਅਨੁਕੂਲਿਤ ਸਿੱਖਣ ਸਮੱਗਰੀਆਂ ਦੀ ਵਰਤੋਂ ਕਰਕੇ ਪ੍ਰਾਇਮਰੀ ਪੱਧਰ ਦੇ NCS ਵਿਦਿਆਰਥੀਆਂ ਲਈ ਸਕੂਲ ਤੋਂ ਬਾਅਦ ਚੀਨੀ ਭਾਸ਼ਾ ਕੋਰਸ ਆਯੋਜਿਤ ਕਰਨ ਲਈ ਉਤਸ਼ਾਹਿਤ ਕਰਨਾ ਹੈ। ਭਾਗ ਲੈਣ ਵਾਲੇ NCS ਵਿਦਿਆਰਥੀਆਂ ਦੇ ਮਾਪਿਆਂ ਦਾ ਆਪਣੇ ਬੱਚਿਆਂ ਨਾਲ ਮਿਲ ਕੇ ਇਨ੍ਹਾਂ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਸਵਾਗਤ ਹੈ, ਤਾਂ ਜੋ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਚੀਨੀ ਭਾਸ਼ਾ ਦੀ ਵਰਤੋਂ ਨੂੰ ਹੋਰ ਬਿਹਤਰ ਬਣਾ ਸਕਣ। ਇਸ ਯੋਜਨਾ ਅਧੀਨ ਭਾਗ ਲੈਣ ਵਾਲੇ ਸਕੂਲਾਂ ਦੇ ਅਧਿਆਪਕਾਂ ਲਈ ਸਿਖਲਾਈ ਕੋਰਸ ਵੀ ਪ੍ਰਦਾਨ ਕੀਤੇ ਗਏ ਹਨ, ਤਾਂ ਜੋ NCS ਵਿਦਿਆਰਥੀਆਂ ਦੀ ਚੀਨੀ ਭਾਸ਼ਾ ਸਿੱਖਣ ਵਿੱਚ ਸਹਾਇਤਾ ਕਰਨ ਲਈ ਉਨ੍ਹਾਂ ਦੀ ਪੇਸ਼ੇਵਰ ਸਮਰੱਥਾ ਨੂੰ ਮਜ਼ਬੂਤ ਕੀਤਾ ਜਾ ਸਕੇ।<br>• 2026/27 ਸਕੂਲੀ ਸਾਲ ਵਿੱਚ, EDB ਪ੍ਰਾਇਮਰੀ ਤੋਂ ਲੈ ਕੇ ਜੂਨੀਅਰ ਸੈਕੰਡਰੀ ਪੱਧਰ ਤੱਕ ਦੇ NCS ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ HSK ਚੀਨੀ ਮੁਹਾਰਤ ਟੈਸਟ ਦੀ ਸਿੱਖਣ ਸਮੱਗਰੀ ਪੇਸ਼ ਕਰੇਗਾ ਅਤੇ NCS ਵਿਦਿਆਰਥੀਆਂ ਦੀ ਚੀਨੀ ਭਾਸ਼ਾ ਦੀ ਮੁਹਾਰਤ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਸਕੂਲ ਤੋਂ ਬਾਅਦ ਚੀਨੀ ਭਾਸ਼ਾ ਕੋਰਸ ਮੁਹੱਈਆ ਕਰਵਾਉਣਾ ਜਾਰੀ ਰੱਖੇਗਾ। |
| • ਭਵਿੱਖ ਦੇ ਕੰਮ ਦਾ ਮੁਲਾਂਕਣ | • ਸਕੂਲ ਤੋਂ ਬਾਅਦ ਦੇ ਚੀਨੀ ਭਾਸ਼ਾ ਕੋਰਸਾਂ ਨੂੰ ਲਾਗੂ ਕਰਨ ਦੀ ਸਥਿਤੀ ਅਤੇ ਪ੍ਰਭਾਵਸ਼ੀਲਤਾ ਦੀ ਸਮੀਖਿਆ ਨਿਰੰਤਰ ਆਧਾਰ 'ਤੇ ਕੀਤੀ ਜਾਂਦੀ ਹੈ। |
| • ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • EDB ਹਿੱਸੇਦਾਰਾਂ ਤੋਂ ਵਿਚਾਰ ਇਕੱਠੇ ਕਰਨਾ ਜਾਰੀ ਰੱਖੇਗਾ ਅਤੇ ਲੋੜ ਅਨੁਸਾਰ ਯੋਜਨਾ ਵਿੱਚ ਸੁਧਾਰ ਕਰਨ ਬਾਰੇ ਵਿਚਾਰ ਕਰੇਗਾ। |

*ਸੈਕੰਡਰੀ ਪੱਧਰ 'ਤੇ NCS ਵਿਦਿਆਰਥੀਆਂ ਲਈ ਜੀਵਨ ਯੋਜਨਾ ਸਿੱਖਿਆ ਗਤੀਵਿਧੀਆਂ ਪ੍ਰਦਾਨ ਕਰਨਾ*

| | |
|---|---|
| ਸੰਬੰਧਿਤ ਸੇਵਾਵਾਂ | • ਸੈਕੰਡਰੀ ਪੱਧਰ 'ਤੇ NCS ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਰੁਝਾਨ ਨੂੰ ਸਮਝਣ ਅਤੇ ਕੈਰੀਅਰ ਪੜਚੋਲ ਗਤੀਵਿਧੀਆਂ ਅਤੇ ਕੰਮ ਦੇ ਤਜਰਬੇ ਦੇ ਮੌਕਿਆਂ ਰਾਹੀਂ ਵੱਖ-ਵੱਖ ਅਧਿਐਨ ਮਾਰਗਾਂ ਅਤੇ ਨੌਕਰੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ। |
| ਮੌਜੂਦਾ ਉਪਾਅ | • 2018/19 ਸਕੂਲੀ ਸਾਲ ਤੋਂ, EDB ਨੇ ਸੈਕੰਡਰੀ ਪੱਧਰ ਦੇ NCS ਵਿਦਿਆਰਥੀਆਂ ਲਈ ਕੈਰੀਅਰ ਪੜਚੋਲ ਗਤੀਵਿਧੀਆਂ ਆਯੋਜਿਤ ਕਰਨ ਵਾਸਤੇ ਇੱਕ ਗੈਰ-ਸਰਕਾਰੀ ਸੰਗਠਨ ਨੂੰ ਨਿਯੁਕਤ ਕੀਤਾ ਹੈ, ਜਿਸ ਵਿੱਚ ਸੈਕੰਡਰੀ ਤੋਂ ਬਾਅਦ ਦੀਆਂ ਸੰਸਥਾਵਾਂ ਦੇ ਦੌਰੇ, ਕੰਮਕਾਜ ਵਾਲੀਆਂ ਥਾਵਾਂ ਦੇ ਦੌਰੇ, ਕੰਮ ਦੇ ਤਜਰਬੇ ਵਾਲੇ ਪ੍ਰੋਗਰਾਮ ਆਦਿ ਸ਼ਾਮਲ ਹਨ, ਤਾਂ ਜੋ ਉਨ੍ਹਾਂ ਨੂੰ ਅੱਗੇ ਦੀ ਪੜ੍ਹਾਈ ਅਤੇ ਕੈਰੀਅਰ ਬਾਰੇ ਸੂਚਿਤ ਚੋਣਾਂ ਕਰਨ, ਨਿੱਜੀ ਟੀਚੇ ਨਿਰਧਾਰਤ ਕਰਨ ਅਤੇ ਆਪਣੇ ਭਵਿੱਖ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲ ਸਕੇ। ਇਸ ਪ੍ਰੋਗਰਾਮ ਅਧੀਨ ਭਾਗ ਲੈਣ ਵਾਲੇ ਸਕੂਲਾਂ ਦੇ NCS ਵਿਦਿਆਰਥੀਆਂ ਦੇ ਅਧਿਆਪਕਾਂ ਅਤੇ ਮਾਪਿਆਂ ਲਈ ਸਿਖਲਾਈ ਕੋਰਸ ਵੀ ਪ੍ਰਦਾਨ ਕੀਤੇ ਗਏ ਹਨ, ਤਾਂ ਜੋ NCS ਵਿਦਿਆਰਥੀਆਂ ਨੂੰ ਜੀਵਨ ਯੋਜਨਾ |

| | |
|---|---|
| | ਸਿੱਖਿਆ ਵਿੱਚ ਸਹਾਇਤਾ ਕਰਨ ਦੀ ਉਨ੍ਹਾਂ ਦੀ ਯੋਗਤਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • EDB ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ ਅਤੇ ਪ੍ਰਗਤੀ ਦਾ ਮੁਲਾਂਕਣ ਅਤੇ ਨਿਗਰਾਨੀ ਕਰਨ ਲਈ ਵੱਖ-ਵੱਖ ਤਰੀਕੇ ਅਪਣਾਉਂਦਾ ਹੈ, ਜਿਵੇਂ ਕਿ ਗਤੀਵਿਧੀਆਂ ਦੇ ਲਾਗੂ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਭਾਗ ਲੈਣ ਵਾਲੇ ਸਕੂਲਾਂ ਦੇ ਨਿਯਮਤ ਦੌਰੇ ਕਰਨਾ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵਿਚਾਰਾਂ ਅਤੇ ਲੋੜਾਂ ਨੂੰ ਸੁਣਨਾ, ਇਸ ਤੋਂ ਇਲਾਵਾ ਸੇਵਾ ਪ੍ਰਦਾਤਾ ਨਾਲ ਸਮੀਖਿਆ ਮੀਟਿੰਗਾਂ ਕਰਨਾ ਅਤੇ ਸੇਵਾ ਪ੍ਰਦਾਤਾ ਨੂੰ ਰਿਪੋਰਟਾਂ ਜਮ੍ਹਾਂ ਕਰਵਾਉਣ ਲਈ ਕਹਿਣਾ। |
| ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • EDB ਸਮੀਖਿਆ ਦੇ ਨਤੀਜਿਆਂ ਦੇ ਆਧਾਰ 'ਤੇ ਪ੍ਰੋਗਰਾਮ ਨੂੰ ਸੁਧਾਰੇਗਾ। |

## ਸ਼ੁਰੂਆਤੀ ਅਨੁਕੂਲਤਾ ਨੂੰ ਉਤਸ਼ਾਹਿਤ ਕਰਨਾ

| | |
|---|---|
| ਸੰਬੰਧਿਤ ਸੇਵਾਵਾਂ | • NCS ਬੱਚਿਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਥਾਨਕ ਕਿੰਡਰਗਾਰਟਨਾਂ[3] ਵਿੱਚ ਭੇਜਣ, ਤਾਂ ਜੋ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਚੀਨੀ ਭਾਸ਼ਾ ਦੇ ਗਹਿਰੇ ਮਾਹੌਲ ਦਾ ਅਨੁਭਵ ਮਿਲ ਸਕੇ, ਜੋ NCS ਬੱਚਿਆਂ ਦੀ ਭਾਸ਼ਾ ਸਿੱਖਣ ਵਿੱਚ ਸਹਾਇਕ ਹੋਵੇ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਾਲੇ ਪ੍ਰਾਇਮਰੀ ਸਕੂਲਾਂ ਵਿੱਚ ਸੁਚਾਰੂ ਤਬਦੀਲੀ ਕਰਨ ਵਿੱਚ ਮਦਦ ਕਰੇ। |
| ਮੌਜੂਦਾ ਉਪਾਅ | *ਕਿੰਡਰਗਾਰਟਨ*<br><br>• ਸਕੂਲ-ਅਧਾਰਿਤ ਸਹਾਇਤਾ ਸੇਵਾਵਾਂ ਕਿੰਡਰਗਾਰਟਨਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਦਿੱਤੀਆਂ ਜਾਂਦੀਆਂ ਹਨ, ਤਾਂ ਜੋ NCS ਬੱਚਿਆਂ ਨੂੰ ਚੀਨੀ ਭਾਸ਼ਾ ਸਿਖਾਉਣ ਲਈ ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਵਧਾਇਆ ਜਾ ਸਕੇ ਅਤੇ ਬੱਚਿਆਂ ਦੇ ਕਿੰਡਰਗਾਰਟਨ ਤੋਂ ਪ੍ਰਾਇਮਰੀ ਸਿੱਖਿਆ ਵੱਲ ਸੁਚਾਰੂ ਤਬਦੀਲੀ ਕਰਨ ਵਿੱਚ ਸਹਾਇਤਾ ਮਿਲ ਸਕੇ। ਕਿੰਡਰਗਾਰਟਨ ਵਿੱਚ NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਦੇ ਸਿੱਖਣ ਅਤੇ ਸਿਖਲਾਈ ਸੰਬੰਧੀ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਨੂੰ ਵੀ ਹੋਰ ਮਜ਼ਬੂਤ ਕੀਤਾ ਜਾਵੇਗਾ। ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਵਧਾਉਣ ਲਈ ਛੋਟੇ ਬੱਚਿਆਂ ਦੇ ਵਿਕਾਸ ਅਤੇ ਸਿੱਖਣ ਵਾਲਿਆਂ ਦੀ ਵਿਭਿੰਨਤਾ ਦੀਆਂ ਲੋੜਾਂ ਨੂੰ ਪੂਰਾ ਕਰਨ ਸੰਬੰਧੀ ਸੈਮੀਨਾਰ/ਵਰਕਸ਼ਾਪਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ।<br><br>*ਹੋਰ*<br><br>• ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ, ਜ਼ਿਲ੍ਹਾ-ਅਧਾਰਿਤ ਪ੍ਰੋਗਰਾਮ NCS ਬੱਚਿਆਂ ਨੂੰ ਗਤੀਵਿਧੀਆਂ ਰਾਹੀਂ ਚੀਨੀ ਸਿੱਖਣ ਲਈ ਪ੍ਰੇਰਿਤ ਕਰਨ ਵਾਸਤੇ ਆਯੋਜਿਤ ਕੀਤੇ ਗਏ ਹਨ।<br><br>• ਕਿੰਡਰਗਾਰਟਨ ਦਾਖਲੇ ਦੇ ਸਬੰਧ ਵਿੱਚ, NCS ਬੱਚਿਆਂ ਦੇ ਮਾਪਿਆਂ ਲਈ ਅੰਗਰੇਜ਼ੀ ਵਿੱਚ ਵਿਸ਼ੇਸ਼ ਜਾਣਕਾਰੀ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ (ਲੋੜ ਅਨੁਸਾਰ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਦੁਭਾਸ਼ੀਆ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ)। EDB ਨੇ "K1 ਦਾਖਲਾ ਪ੍ਰਬੰਧ" ਬਾਰੇ ਅੰਗਰੇਜ਼ੀ ਵਿਆਖਿਆ ਸਮੇਤ ਇੱਕ ਪਾਵਰਪੁਆਇੰਟ ਵੀ ਤਿਆਰ ਕੀਤਾ ਹੈ, ਜਿਸ ਦੀ ਸੰਬੰਧਿਤ ਸਮੱਗਰੀ ਨੂੰ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਤਾਂ ਜੋ NCS ਮਾਪਿਆਂ ਨੂੰ K1 ਦਾਖਲਾ ਪ੍ਰਬੰਧਾਂ ਦੇ ਲਾਗੂਕਰਨ ਦੇ ਵੇਰਵਿਆਂ ਅਤੇ ਧਿਆਨ ਦੇਣ ਯੋਗ ਗੱਲਾਂ ਨੂੰ ਸਮਝਣ ਵਿੱਚ ਸਹਾਇਤਾ ਮਿਲ ਸਕੇ। NCS ਬੱਚਿਆਂ ਦੇ ਮਾਪਿਆਂ ਦੇ ਹਵਾਲੇ ਲਈ ਉਪਰੋਕਤ ਪਾਵਰਪੁਆਇੰਟ ਨੂੰ EDB ਦੇ ਵੈੱਬਪੇਜ 'ਤੇ ਅਪਲੋਡ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ, ਅਸੀਂ ਗ੍ਰਹਿ ਮੰਤਰਾਲੇ ਦੁਆਰਾ ਵਿੱਤ-ਪ੍ਰਾਪਤ ਨਸਲੀ ਘੱਟ |

[3] ਕਿੰਡਰਗਾਰਟਨ, ਕਿੰਡਰਗਾਰਟਨ-ਕਮ-ਬਾਲ ਕੇਅਰ ਕੇਂਦਰ ਅਤੇ ਕਿੰਡਰਗਾਰਟਨ ਦੀਆਂ ਕਲਾਸਾਂ ਵਾਲੇ ਸਕੂਲਾਂ ਨੂੰ "ਕਿੰਡਰਗਾਰਟਨ" ਕਿਹਾ ਜਾਂਦਾ ਹੈ।

ਗਿਣਤੀਆਂ ਲਈ ਸਹਾਇਤਾ ਸੇਵਾ ਕੇਂਦਰਾਂ ਦੇ ਸਹਿਯੋਗ ਨਾਲ ਜਾਣਕਾਰੀ ਸੈਸ਼ਨ ਵੀ ਆਯੋਜਿਤ ਕਰਦੇ ਹਾਂ, ਤਾਂ ਜੋ NCS ਬੱਚਿਆਂ ਦੇ ਮਾਪਿਆਂ ਤੱਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਕੀਤੀ ਜਾ ਸਕੇ, ਉਨ੍ਹਾਂ ਦੀ ਕਿੰਡਰਗਾਰਟਨ ਦਾਖਲਾ ਪ੍ਰਕਿਰਿਆਵਾਂ ਬਾਰੇ ਸਮਝ ਨੂੰ ਵਧਾਇਆ ਜਾ ਸਕੇ, ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਸਥਾਨਕ ਕਿੰਡਰਗਾਰਟਨਾਂ ਵਿੱਚ ਭੇਜਣ ਲਈ ਉਤਸ਼ਾਹਿਤ ਕੀਤਾ ਜਾ ਸਕੇ, ਤਾਂ ਜੋ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਚੀਨੀ ਭਾਸ਼ਾ ਦੇ ਗਹਿਰੇ ਮਾਹੌਲ ਦਾ ਅਨੁਭਵ ਮਿਲ ਸਕੇ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • EDB ਪਾਠਕ੍ਰਮ ਵਿਕਾਸ ਸੰਬੰਧੀ ਦੌਰੇ ਅਤੇ ਫੋਕਸ ਗਰੁੱਪ ਇੰਟਰਵਿਊ ਕਰਵਾਉਣਾ ਜਾਰੀ ਰੱਖੇਗਾ, ਤਾਂ ਜੋ ਸਿੱਖਣ ਵਾਲਿਆਂ ਦੀ ਵਿਭਿੰਨਤਾ ਦੀਆਂ ਲੋੜਾਂ ਨੂੰ ਪੂਰਾ ਕਰਨ ਸੰਬੰਧੀ ਜਾਣਕਾਰੀ ਅਤੇ ਚੰਗੇ ਅਭਿਆਸ, ਖ਼ਾਸ ਤੌਰ 'ਤੇ NCS ਬੱਚਿਆਂ ਦੇ ਚੀਨੀ ਭਾਸ਼ਾ ਸਿੱਖਣ ਨਾਲ ਸੰਬੰਧਿਤ, ਇਕੱਠੇ ਕੀਤੇ ਜਾ ਸਕਣ ਅਤੇ ਸਕੂਲਾਂ ਨਾਲ ਸਾਂਝੇ ਕੀਤੇ ਜਾ ਸਕਣ। |
| ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ | • 2017/18 ਸਕੂਲੀ ਸਾਲ ਤੋਂ, ਕਿੰਡਰਗਾਰਟਨ ਸਿੱਖਿਆ ਯੋਜਨਾ (ਸਕੀਮ-KGs) ਵਿੱਚ ਸ਼ਾਮਲ ਉਹਨਾਂ ਕਿੰਡਰਗਾਰਟਨਾਂ ਨੂੰ, ਜਿਨ੍ਹਾਂ ਵਿੱਚ 8 ਜਾਂ ਇਸ ਤੋਂ ਵੱਧ NCS ਵਿਦਿਆਰਥੀ ਦਾਖਲ ਹਨ, NCS ਵਿਦਿਆਰਥੀਆਂ ਲਈ ਕਿੰਡਰਗਾਰਟਨਾਂ ਦੀ ਸਹਾਇਤਾ ਨੂੰ ਮਜ਼ਬੂਤ ਕਰਨ ਵਾਸਤੇ ਇੱਕ ਵਾਧੂ ਗ੍ਰਾਂਟ ਪ੍ਰਦਾਨ ਕੀਤੀ ਗਈ। 2019/20 ਸਕੂਲੀ ਸਾਲ ਤੋਂ, EDB ਨੇ 5-ਪੱਧਰੀ ਗ੍ਰਾਂਟ ਪ੍ਰਦਾਨ ਕਰਕੇ ਇਸ ਉਪਾਅ ਨੂੰ ਹੋਰ ਮਜ਼ਬੂਤ ਕੀਤਾ ਹੈ। ਗ੍ਰਾਂਟ ਦੀ ਰਕਮ ਹਰ ਸਾਲ ਲਗਭਗ $50,000 ਤੋਂ $870,000 ਤੱਕ ਵੱਖ-ਵੱਖ ਹੁੰਦੀ ਹੈ। ਇਸ ਦੇ ਨਾਲ ਹੀ, EDB ਨੇ NCS ਵਿਦਿਆਰਥੀਆਂ ਲਈ ਸਹਾਇਤਾ ਸੰਬੰਧੀ ਕਿੰਡਰਗਾਰਟਨ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਨੂੰ ਵੀ ਹੋਰ ਮਜ਼ਬੂਤ ਕੀਤਾ ਹੈ। |

**NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ**

| | |
|---|---|
| ਸੰਬੰਧਿਤ ਸੇਵਾਵਾਂ | • ਸੇਵਾਵਾਂ ਦਾ ਉਦੇਸ਼ NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਂਗਕਾਂਗ ਵਿੱਚ ਸਥਾਨਕ ਸਿੱਖਿਆ ਪ੍ਰਣਾਲੀ, ਪ੍ਰਮੁੱਖ ਸਿੱਖਿਆ ਨੀਤੀਆਂ ਅਤੇ ਸੰਬੰਧਿਤ ਸਿੱਖਿਆ ਸੇਵਾਵਾਂ ਨੂੰ ਸਮਝਣ ਵਿੱਚ ਮਦਦ ਕਰਨਾ ਹੈ, ਅਤੇ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲਾਂ ਦੀ ਸੂਚਿਤ ਚੋਣ ਕਰਨ ਵਿੱਚ ਸਹਾਇਤਾ ਕਰਨਾ ਹੈ। |
| ਮੌਜੂਦਾ ਉਪਾਅ | *NCS ਵਿਦਿਆਰਥੀਆਂ ਦੇ ਮਾਪਿਆਂ ਲਈ ਸਕੂਲਾਂ ਦੀ ਚੋਣ ਦਾ ਵਿਸਤਾਰ*<br><br>• EDB ਸਰਗਰਮੀ ਨਾਲ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕਰਦਾ ਆ ਰਿਹਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਹਨਾਂ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ ਜਿੱਥੇ ਚੀਨੀ ਭਾਸ਼ਾ ਦਾ ਗਹਿਰਾ ਮਾਹੌਲ ਉਪਲਬਧ ਹੋਵੇ। ਇਹ ਉਨ੍ਹਾਂ ਦੇ ਬੱਚਿਆਂ ਵੱਲੋਂ ਚੀਨੀ ਭਾਸ਼ਾ ਸਿੱਖਣ ਅਤੇ ਸਮਾਜ ਵਿੱਚ ਏਕੀਕਰਨ ਲਈ ਅਨੁਕੂਲ ਹੈ। 2014/15 ਸਕੂਲੀ ਸਾਲ ਤੋਂ NCS ਵਿਦਿਆਰਥੀਆਂ ਦੀ ਸਹਾਇਤਾ ਲਈ ਵਧੇਰੇ ਉਪਾਆਂ ਦੀ ਇੱਕ ਲੜੀ ਲਾਗੂ ਕੀਤੇ ਜਾਣ ਨਾਲ, ਸਥਾਨਕ ਪਾਠਕ੍ਰਮ ਪ੍ਰਦਾਨ ਕਰਨ ਅਤੇ NCS ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲੇ ਸਰਕਾਰੀ ਖੇਤਰ ਅਤੇ DSS ਸਕੂਲਾਂ ਦੀ ਗਿਣਤੀ 2013/14 ਸਕੂਲੀ ਸਾਲ ਵਿੱਚ ਲਗਭਗ 590 ਤੋਂ ਵੱਧ ਕੇ 2025/26 ਸਕੂਲੀ ਸਾਲ ਵਿੱਚ ਲਗਭਗ 720 ਹੋ ਗਈ ਹੈ, ਜੋ ਕੁੱਲ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੇ ਲਗਭਗ 75% ਨੂੰ ਕਵਰ ਕਰਦੀ ਹੈ। ਇਹ ਦਰਸਾਉਂਦਾ ਹੈ ਕਿ ਇਨ੍ਹਾਂ ਸਹਾਇਤਾ ਉਪਾਆਂ ਨੇ NCS ਵਿਦਿਆਰਥੀਆਂ ਦੇ ਮਾਪਿਆਂ ਲਈ ਸਕੂਲਾਂ ਦੀ ਚੋਣ ਦੇ ਮੌਕਿਆਂ ਨੂੰ ਵਧਾਇਆ ਹੈ। |

*ਜਾਣਕਾਰੀ ਦਾ ਪ੍ਰਸਾਰ*

- NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਾਰੀ ਸੰਬੰਧਿਤ ਜਾਣਕਾਰੀ, ਜਿਸ ਵਿੱਚ ਪ੍ਰਾਇਮਰੀ 1 ਅਤੇ ਸੈਕੰਡਰੀ 1 ਵਿੱਚ ਦਾਖਲੇ ਦੇ ਪ੍ਰਬੰਧ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਯੋਜਨਾਵਾਂ ਲਈ ਪਰਿਵਾਰਕ ਬਿਨੈ-ਪੱਤਰ ਆਦਿ ਸ਼ਾਮਲ ਹਨ, ਚੀਨੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਇਸ ਦਾ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਵੀ ਉਪਲਬਧ ਕਰਵਾਇਆ ਜਾਂਦਾ ਹੈ।

- NCS ਵਿਦਿਆਰਥੀਆਂ ਦੇ ਮਾਪਿਆਂ ਲਈ ਸਮਕਾਲੀ ਦੁਭਾਸ਼ੀਆ ਸੇਵਾਵਾਂ ਸਮੇਤ ਵਿਸ਼ੇਸ਼ ਜਾਣਕਾਰੀ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ, ਤਾਂ ਜੋ ਉਨ੍ਹਾਂ ਨੂੰ NCS ਵਿਦਿਆਰਥੀਆਂ ਲਈ ਸਿੱਖਿਆ ਸਹਾਇਤਾ ਉਪਾਆਂ ਅਤੇ ਸਰਕਾਰੀ ਖੇਤਰ ਦੇ ਸਕੂਲਾਂ ਵਿੱਚ ਪ੍ਰਾਇਮਰੀ 1 ਅਤੇ ਸੈਕੰਡਰੀ 1 ਦੇ ਦਾਖਲਾ ਪ੍ਰਬੰਧਾਂ ਬਾਰੇ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਜਾਣਕਾਰੀ ਸੈਸ਼ਨਾਂ ਦੀ ਸਮੱਗਰੀ EDB ਦੇ ਵੈੱਬਪੇਜ 'ਤੇ ਅਪਲੋਡ ਕੀਤੀ ਗਈ ਹੈ।

- ਕਮੇਟੀ ਆਨ ਹੋਮ-ਸਕੂਲ ਕੋ-ਆਪਰੇਸ਼ਨ (CHSC) ਵੱਲੋਂ ਸਕੂਲ ਪ੍ਰੋਫਾਈਲਾਂ ਤਿਆਰ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ "NCS ਵਿਦਿਆਰਥੀਆਂ ਲਈ ਸਿੱਖਿਆ ਸਹਾਇਤਾ" ਸਿਰਲੇਖ ਹੇਠ ਇੱਕ ਵੱਖਰਾ ਕਾਲਮ ਸ਼ਾਮਲ ਹੁੰਦਾ ਹੈ, ਤਾਂ ਜੋ ਸਕੂਲ NCS ਵਿਦਿਆਰਥੀਆਂ ਲਈ ਪ੍ਰਦਾਨ ਕੀਤੀ ਜਾ ਰਹੀ ਆਪਣੀ ਸਹਾਇਤਾ ਬਾਰੇ ਜਾਣਕਾਰੀ ਦੇ ਸਕਣ। NCS ਵਿਦਿਆਰਥੀਆਂ ਦੀ ਸਹਾਇਤਾ ਲਈ ਵਾਧੂ ਫੰਡ ਪ੍ਰਾਪਤ ਕਰਨ ਵਾਲੇ ਸਰਕਾਰੀ ਖੇਤਰ ਅਤੇ DSS ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਲਈ ਆਪਣੀਆਂ ਸਹਾਇਤਾ ਸੰਬੰਧੀ ਵਿਵਸਥਾਵਾਂ ਨੂੰ ਸਪਸ਼ਟ ਕਰਨਾ ਲਾਜ਼ਮੀ ਹੈ। ਸਕੂਲ ਪ੍ਰੋਫਾਈਲਾਂ ਦੇ ਚੀਨੀ ਅਤੇ ਅੰਗਰੇਜ਼ੀ ਆਨਲਾਈਨ ਸੰਸਕਰਣ CHSC ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਂਦੇ ਹਨ।

*ਸੰਚਾਰ ਨੂੰ ਸੁਵਿਧਾਜਨਕ ਬਣਾਉਣ ਲਈ ਹੋਰ ਉਪਾਅ*

- NCS ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸੰਬੰਧਤ ਸਿੱਖਿਆ ਸੇਵਾਵਾਂ ਅਤੇ ਜਾਣਕਾਰੀ ਬਾਰੇ ਸਮਝ ਨੂੰ ਸੁਗਮ ਬਣਾਉਣ ਲਈ ਇੱਕ ਸਮਰਪਿਤ ਵੈੱਬਪੇਜ (https://www.edb.gov.hk/ncs) ਸਥਾਪਿਤ ਕੀਤਾ ਗਿਆ ਹੈ।

- ਰੋਜ਼ਾਨਾ ਪੁੱਛਗਿੱਛ ਲਈ, ਹੌਟਲਾਈਨ ਸੇਵਾ ਸਥਾਪਤ ਕੀਤੀ ਗਈ ਹੈ ਅਤੇ ਪੁੱਛਗਿੱਛ ਕਰਨ ਵਾਲੇ, EDB ਅਤੇ ਸੈਂਟਰ ਫਾਰ ਹਾਰਮਨੀ ਐਂਡ ਐਨਹੈਂਸਮੈਂਟ ਆਫ਼ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ, ਸਰਕਾਰ ਦੁਆਰਾ ਫੰਡ ਕੀਤੇ ਗਏ NCS ਆਬਾਦੀ ਲਈ ਸਹਾਇਤਾ ਸੇਵਾਵਾਂ ਕੇਂਦਰ, ਵਿਚਕਾਰ ਟੈਲੀਫੋਨ ਕਾਨਫਰੰਸਿੰਗ ਰਾਹੀਂ ਸਮਕਾਲੀ ਦੁਭਾਸ਼ੀਆ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

*ਕਿੰਡਰਗਾਰਟਨ ਵਿੱਚ ਦਾਖਲਾ*

- ਜਦੋਂ ਕਿ ਕਿੰਡਰਗਾਰਟਨਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਸਕੂਲ-ਅਧਾਰਿਤ ਹੀ ਜਾਰੀ ਹੈ, ਕਿੰਡਰਗਾਰਟਨਾਂ ਨੂੰ ਇਹ ਯਾਦ ਦਿਵਾਇਆ ਗਿਆ ਹੈ ਕਿ ਅਰਜ਼ੀ ਫਾਰਮ ਅਤੇ ਸੰਬੰਧਿਤ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿੱਚ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਇਸ ਸਬੰਧ ਵਿੱਚ, EDB ਨੇ ਕਿੰਡਰਗਾਰਟਨਾਂ ਨੂੰ ਸੰਦਰਭ ਲਈ ਸੰਬੰਧਿਤ ਦਸਤਾਵੇਜ਼ਾਂ ਦੇ ਦੁਭਾਸ਼ੀ ਟੈਂਪਲੇਟ ਪ੍ਰਦਾਨ ਕੀਤੇ ਹਨ।

- EDB ਨੇ ਸਕੂਲਾਂ ਨੂੰ ਸਰਕੂਲਰ ਮੈਮੋਰੈਂਡਮ ਜਾਰੀ ਕਰਕੇ ਇਹ ਯਾਦ ਦਿਵਾਇਆ ਹੈ ਕਿ ਉਹ ਸਕੂਲਾਂ ਦੀਆਂ ਵੈੱਬਸਾਈਟਾਂ ਦੇ ਮੁੱਖ ਪੰਨੇ 'ਤੇ ਇੱਕ ਆਈਕਨ, ਅੰਗਰੇਜ਼ੀ ਵਿੱਚ ਇੱਕ ਸਧਾਰਨ ਸੁਨੇਹਾ ਜਾਂ ਵੈੱਬਸਾਈਟ ਦੇ ਅੰਗਰੇਜ਼ੀ ਸੰਸਕਰਣ ਦਾ ਲਿੰਕ ਸਪੱਸ਼ਟ ਤੌਰ 'ਤੇ ਪ੍ਰਦਾਨ ਕਰਨ, ਤਾਂ ਜੋ ਮਾਪੇ ਸਕੂਲ ਦੀ ਵੈੱਬਸਾਈਟ ਦੇ ਮੁੱਖ ਪੰਨੇ ਨੂੰ ਵੇਖਦੇ ਸਮੇਂ ਜਾਣਕਾਰੀ ਦੇ ਅੰਗਰੇਜ਼ੀ ਸੰਸਕਰਣ ਤੱਕ ਤੁਰੰਤ ਪਹੁੰਚ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਅਸੀਂ ਕਿੰਡਰਗਾਰਟਨਾਂ ਨੂੰ ਇਹ ਲਾਜ਼ਮੀ ਕੀਤਾ ਹੈ ਕਿ ਉਹ ਆਪਣੀਆਂ ਵੈੱਬਸਾਈਟਾਂ 'ਤੇ ਕਿੰਡਰਗਾਰਟਨਾਂ ਲਈ K1 ਦਾਖਲਾ ਪ੍ਰਬੰਧਾਂ ਬਾਰੇ EDB ਦੇ ਅੰਗਰੇਜ਼ੀ ਵੈੱਬਪੇਜ ਦੇ ਲਿੰਕ ਅਤੇ ਕਿੰਡਰਗਾਰਟਨਾਂ ਅਤੇ ਕਿੰਡਰਗਾਰਟਨ-ਸਹਿਤ ਬਾਲ ਦੇਖਭਾਲ ਕੇਂਦਰਾਂ ਦੀ ਪ੍ਰੋਫਾਈਲ ਵਿੱਚ ਸਕੂਲ ਜਾਣਕਾਰੀ ਦਰਸਾਉਣ ਵਾਲੇ ਵੈੱਬਪੇਜ ਦੇ ਲਿੰਕ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ, ਤਾਂ ਜੋ NCS ਬੱਚਿਆਂ ਦੇ ਮਾਪਿਆਂ ਨੂੰ ਸੰਬੰਧਿਤ ਜਾਣਕਾਰੀ ਵੇਖਣ ਵਿੱਚ ਸਹੂਲਤ ਹੋਵੇ। EDB ਨੇ ਕਿੰਡਰਗਾਰਟਨਾਂ ਨੂੰ ਇਹ ਵੀ ਯਾਦ ਦਿਵਾਇਆ ਹੈ ਕਿ ਉਹ ਆਪਣੀਆਂ ਵੈੱਬਸਾਈਟਾਂ 'ਤੇ ਸਪੱਸ਼ਟ ਤੌਰ 'ਤੇ ਦਰਸਾਉਣ ਕਿ NCS ਬੱਚਿਆਂ ਨਾਲ ਇੰਟਰਵਿਊ ਦੌਰਾਨ, ਲੋੜ ਪੈਣ 'ਤੇ ਬਿਨੈਕਾਰਾਂ ਲਈ ਦੁਭਾਸ਼ੀਆ ਅਤੇ/ਜਾਂ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਕਿੰਡਰਗਾਰਟਨ ਸੰਚਾਰ ਨੂੰ ਸੁਗਮ ਬਣਾਉਣ ਲਈ ਮਾਪਿਆਂ ਅਤੇ ਬੱਚਿਆਂ ਨੂੰ ਇੰਟਰਵਿਊ ਦੌਰਾਨ ਕਿਸੇ ਚੀਨੀ-ਭਾਸ਼ੀ ਰਿਸ਼ਤੇਦਾਰ ਜਾਂ ਦੋਸਤ ਨੂੰ ਨਾਲ ਲਿਆਉਣ ਦੀ ਇਜਾਜ਼ਤ ਵੀ ਦੇ ਸਕਦੇ ਹਨ। ਕਿੰਡਰਗਾਰਟਨਾਂ ਨੂੰ ਆਪਣੀਆਂ ਵੈੱਬਸਾਈਟਾਂ 'ਤੇ NCS ਬੱਚਿਆਂ ਲਈ ਸਕੂਲ ਦੀ ਸਹਾਇਤਾ, ਪੁੱਛਗਿੱਛ ਲਈ ਟੈਲੀਫੋਨ ਨੰਬਰ ਅਤੇ NCS ਬੱਚਿਆਂ ਦੇ ਮਾਪਿਆਂ ਲਈ ਈਮੇਲ ਪਤੇ ਦੀ ਜਾਣਕਾਰੀ ਵੀ ਪ੍ਰਦਾਨ ਕਰਨੀ ਚਾਹੀਦੀ ਹੈ।

- ਸਕੂਲਾਂ ਦੀ ਚੋਣ ਕਰਦੇ ਸਮੇਂ ਮਾਪਿਆਂ ਦੇ ਹਵਾਲੇ ਲਈ ਹਰ ਕਿੰਡਰਗਾਰਟਨ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਕਿੰਡਰਗਾਰਟਨਾਂ ਅਤੇ ਕਿੰਡਰਗਾਰਟਨ-ਸਹਿਤ ਬਾਲ ਦੇਖਭਾਲ ਕੇਂਦਰਾਂ ਦੀ ਪ੍ਰੋਫਾਈਲ ਹਰ ਸਾਲ ਚੀਨੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਸ ਵਿੱਚ "NCS ਵਿਦਿਆਰਥੀਆਂ ਲਈ ਸਹਾਇਤਾ" ਨਾਮਕ ਇੱਕ ਕਾਲਮ ਵੀ ਸ਼ਾਮਲ ਹੁੰਦਾ ਹੈ, ਜਿਸ ਰਾਹੀਂ ਕਿੰਡਰਗਾਰਟਨ ਆਪਣੇ NCS ਵਿਦਿਆਰਥੀਆਂ ਲਈ ਪ੍ਰਦਾਨ ਕੀਤੀ ਜਾਣ ਵਾਲੀ ਸਹਾਇਤਾ ਦਾ ਵੇਰਵਾ ਦੇ ਸਕਦੇ ਹਨ।

- EDB ਨੇ NCS ਬੱਚਿਆਂ ਦੇ ਮਾਪਿਆਂ ਲਈ ਕਿੰਡਰਗਾਰਟਨ ਵਿੱਚ ਦਾਖਲੇ ਬਾਰੇ ਉਨ੍ਹਾਂ ਦੀ ਪੁੱਛਗਿੱਛ ਨੂੰ ਸੌਖਾ ਬਣਾਉਣ ਲਈ ਇੱਕ ਹਾਟਲਾਈਨ (ਟੈਲੀਫੋਨ ਨੰਬਰ: 2892 6676) ਸਥਾਪਿਤ ਕੀਤਾ ਹੈ।

- ਕਿੰਡਰਗਾਰਟਨਾਂ ਨੂੰ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਆਡੀਓ ਫਾਈਲਾਂ ਸਮੇਤ ਸੰਚਾਰ ਕਿਊ ਕਾਰਡਾਂ ਦਾ ਇੱਕ ਸੈੱਟ ਪ੍ਰਦਾਨ ਕੀਤਾ ਗਿਆ ਹੈ, ਤਾਂ ਜੋ ਉਹ ਆਪਣੇ ਰੋਜ਼ਾਨਾ ਸੰਪਰਕ ਦੌਰਾਨ NCS ਬੱਚਿਆਂ ਦੇ ਮਾਪਿਆਂ ਪ੍ਰਤੀ ਦੇਖਭਾਲ ਅਤੇ ਚਿੰਤਾ ਪ੍ਰਗਟ ਕਰ ਸਕਣ ਅਤੇ ਵਧੇਰੇ ਸ਼ਮੂਲੀਅਤ ਵਾਲਾ ਸਕੂਲੀ ਮਾਹੌਲ ਸਿਰਜ ਸਕਣ।

- ਸੰਬੰਧਿਤ ਪ੍ਰਚਾਰ ਸਮੱਗਰੀ, ਜਿਵੇਂ ਕਿ ਪਰਚੇ, ਪੋਸਟਰ, ਅਰਜ਼ੀ ਫਾਰਮ ਅਤੇ "ਕਿੰਡਰਗਾਰਟਨ ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਬਿਨੈ-ਪੱਤਰ" ਸੰਬੰਧੀ ਦਿਸ਼ਾ-ਨਿਰਦੇਸ਼, ਅਤੇ ਨਾਲ ਹੀ ਪ੍ਰਚਾਰ ਸੰਦੇਸ਼ਾਂ ਦੇ ਉਪਸਿਰਲੇਖ, NCS ਬੱਚਿਆਂ ਦੇ ਮਾਪਿਆਂ ਦੇ ਹਵਾਲੇ ਲਈ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ ਹਨ।

- ਕਿੰਡਰਗਾਰਟਨ ਦਾਖਲੇ ਬਾਰੇ ਇੱਕ ਜਾਣਕਾਰੀ ਸੈਸ਼ਨ ਵੱਖ-ਵੱਖ ਨਸਲੀ ਸਮੂਹਾਂ ਦੀ ਸੇਵਾ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਲਈ ਆਯੋਜਿਤ ਕੀਤਾ ਗਿਆ ਸੀ, ਤਾਂ ਜੋ NCS ਬੱਚਿਆਂ ਦੇ ਮਾਪਿਆਂ ਤੱਕ ਜਾਣਕਾਰੀ ਪਹੁੰਚਾਉਣ ਲਈ ਉਨ੍ਹਾਂ ਦੇ ਨੈੱਟਵਰਕ ਦੀ ਵਰਤੋਂ ਕੀਤੀ ਜਾ ਸਕੇ। ਸਮਾਨ ਮੌਕੇ ਕਮਿਸ਼ਨ ਨੂੰ ਕਿੰਡਰਗਾਰਟਨਾਂ ਨੂੰ ਵਿਦਿਆਰਥੀ ਦਾਖਲੇ ਵਿੱਚ ਸਮਾਨ ਮੌਕਿਆਂ ਸੰਬੰਧੀ ਜਾਣਕਾਰੀ ਦੇਣ ਲਈ ਸੱਦਾ ਦਿੱਤਾ ਗਿਆ ਹੈ।

- ਜੇਕਰ ਕਿਸੇ NCS ਬੱਚੇ ਨੂੰ ਦਾਖਲੇ ਲਈ ਅਰਜ਼ੀ ਦੇਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ EDB

ਲੋੜ ਅਨੁਸਾਰ ਉਸ ਨੂੰ ਉਹਨਾਂ ਸਕੀਮ-KGs ਵੱਲ ਭੇਜਣ ਦੀ ਵਿਵਸਥਾ ਕਰੇਗਾ, ਜਿਨ੍ਹਾਂ ਵਿੱਚ ਅਜੇ ਵੀ ਖਾਲੀ ਦਾਖਲਾ ਸਥਾਨ ਉਪਲਬਧ ਹਨ।

- ਮਾਪਿਆਂ ਲਈ ਕਿੰਡਰਗਾਰਟਨਾਂ ਵੱਲੋਂ ਆਮ ਤੌਰ 'ਤੇ ਵਰਤੇ ਜਾਣ ਵਾਲੇ ਸਰਕੂਲਰਾਂ ਦੇ ਟੈਂਪਲੇਟਾਂ ਦਾ ਅੰਗਰੇਜ਼ੀ ਅਤੇ ਵੱਖ-ਵੱਖ ਨਸਲੀ ਸਮੂਹਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ EDB ਦੇ ਵੈੱਬਪੇਜ 'ਤੇ ਅਪਲੋਡ ਕੀਤਾ ਗਿਆ ਹੈ, ਤਾਂ ਜੋ ਕਿੰਡਰਗਾਰਟਨਾਂ ਨੂੰ NCS ਬੱਚਿਆਂ ਦੇ ਮਾਪਿਆਂ ਨਾਲ ਆਪਣਾ ਸੰਚਾਰ ਹੋਰ ਬਿਹਤਰ ਬਣਾਉਣ ਵਿੱਚ ਸਹਾਇਤਾ ਮਿਲ ਸਕੇ।

**ਭਵਿੱਖ ਦੇ ਕੰਮ ਦਾ ਮੁਲਾਂਕਣ**

- EDB ਸਮਰਪਿਤ ਵੈੱਬਪੇਜ ਨੂੰ ਹੋਰ ਸੁਧਾਰਦਾ ਰਹੇਗਾ। ਸੰਬੰਧਿਤ ਜਾਣਕਾਰੀ ਪਰਚੇ ਵੀ ਲੋੜ ਅਨੁਸਾਰ ਅੱਪਡੇਟ ਕੀਤੇ ਜਾਣਗੇ। ਇਸ ਤੋਂ ਇਲਾਵਾ, EDB ਸਕੂਲਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਸਕੂਲ ਪ੍ਰੋਫਾਈਲਾਂ ਦੇ ਚੀਨੀ ਅਤੇ ਅੰਗਰੇਜ਼ੀ ਸੰਸਕਰਣਾਂ ਦੀ ਸਮੱਗਰੀ ਨੂੰ ਹੋਰ ਭਰਪੂਰ ਬਣਾਉਣ ਅਤੇ ਆਪਣੇ ਸਕੂਲੀ ਵੈੱਬਪੇਜਾਂ 'ਤੇ NCS ਵਿਦਿਆਰਥੀਆਂ ਲਈ ਸਕੂਲ-ਅਧਾਰਿਤ ਸਹਾਇਤਾ ਉਪਾਆਂ ਬਾਰੇ ਵਧੇਰੀ ਜਾਣਕਾਰੀ ਪ੍ਰਦਾਨ ਕਰਨ, ਤਾਂ ਜੋ NCS ਵਿਦਿਆਰਥੀਆਂ ਦੇ ਮਾਪਿਆਂ ਲਈ ਸੰਦਰਭ ਸੌਖਾ ਬਣਾਇਆ ਜਾ ਸਕੇ।

**ਲਏ ਗਏ / ਲਏ ਜਾਣ ਵਾਲੇ ਵਾਧੂ ਉਪਾਅ**

*ਮਾਪਿਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਨਾ*

- 2020/21 ਸਕੂਲੀ ਸਾਲ ਤੋਂ, EDB ਨੇ NCS ਵਿਦਿਆਰਥੀਆਂ ਦੇ ਮਾਪਿਆਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਮਾਪੇ ਸਿੱਖਿਆ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕਰਨੀ ਸ਼ੁਰੂ ਕੀਤੀ ਹੈ। ਇਹ ਪ੍ਰੋਗਰਾਮ, ਜਿਨ੍ਹਾਂ ਵਿੱਚ ਗੱਲਬਾਤਾਂ, ਵਰਕਸ਼ਾਪਾਂ, ਪ੍ਰਦਰਸ਼ਨੀਆਂ, ਕਮਿਊਨਿਟੀ ਐਕਸਪਲੋਰੇਸ਼ਨ ਅਤੇ ਇੰਟਰਵਿਊ ਸ਼ਾਮਲ ਹਨ, ਦਾ ਉਦੇਸ਼ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ, ਬੱਚਿਆਂ ਨੂੰ ਚੀਨੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨ ਲਈ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਲਈ ਉਪਲਬਧ ਬਹੁ-ਮਾਰਗੀ ਰਾਹਾਂ ਬਾਰੇ ਹੋਰ ਵਿਸਥਾਰਪੂਰਵਕ ਸਮਝ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ, ਅਸੀਂ 2024 ਵਿੱਚ "ਗੈਰ-ਚੀਨੀ ਭਾਸ਼ੀ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਪੇ ਸਿੱਖਿਆ ਸਰੋਤ ਪੁਸਤਿਕਾ" ਜਾਰੀ ਕੀਤੀ ਹੈ। ਇਹ ਸਰੋਤ ਪੁਸਤਿਕਾ 10 ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ ਅਤੇ ਇਸਨੂੰ EDB ਵੈੱਬਸਾਈਟ ਅਤੇ "Smart Parent Net" ਵੈੱਬਸਾਈਟ ਸਮੇਤ ਵੱਖ-ਵੱਖ ਪਲੇਟਫਾਰਮਾਂ ਰਾਹੀਂ ਪ੍ਰਸਾਰਿਤ ਕੀਤੀ ਗਈ ਹੈ। ਇਹ ਪੁਸਤਿਕਾ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਸੰਪੂਰਨ-ਵਿਅਕਤੀਗਤ ਵਿਕਾਸ ਵਿੱਚ ਸਹਾਇਤਾ ਕਰਨ ਵਿੱਚ ਮਦਦ ਕਰਦੀ ਹੈ।

*ਸੰਚਾਰ ਦੀ ਸਹੂਲਤ*

- ਸਕੀਮ-KGs ਨੂੰ ਉਹਨਾਂ ਦੀਆਂ ਸਕੂਲੀ ਵੈੱਬਸਾਈਟਾਂ ਨੂੰ ਸੁਧਾਰਨ ਅਤੇ ਮਾਪਿਆਂ ਦੇ ਹਵਾਲੇ ਲਈ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਸਕੂਲ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨ ਲਈ, EDB ਨੇ 2020/21 ਸਕੂਲੀ ਸਾਲ ਵਿੱਚ ਸਕੀਮ-KGs ਨੂੰ ਇੱਕ ਵਾਰੀ ਦੀ ਵੈੱਬਸਾਈਟ ਇਨਹਾਂਸਮੈਂਟ ਗ੍ਰਾਂਟ ਪ੍ਰਦਾਨ ਕੀਤੀ ਹੈ। ਸਾਰੇ ਸਕੀਮ-KGs ਨੂੰ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਬੁਨਿਆਦੀ ਸਕੂਲ ਜਾਣਕਾਰੀ ਪ੍ਰਦਾਨ ਕਰਨੀ ਲਾਜ਼ਮੀ ਹੈ, ਜਿਸ ਵਿੱਚ ਸਕੂਲ ਦੀ ਜਾਣ-ਪਛਾਣ, ਦਾਖਲਾ ਪ੍ਰਬੰਧਾਂ ਬਾਰੇ ਜਾਣਕਾਰੀ, ਸਕੂਲ ਫੀਸ, NCS ਬੱਚਿਆਂ ਲਈ ਸਕੂਲ ਦੀ ਸਹਾਇਤਾ, ਅਤੇ NCS ਬੱਚਿਆਂ ਦੇ ਮਾਪਿਆਂ ਲਈ ਪੁੱਛਗਿੱਛ ਟੈਲੀਫੋਨ ਨੰਬਰ ਅਤੇ ਈਮੇਲ ਪਤਾ ਆਦਿ ਸ਼ਾਮਲ ਹਨ। ਸਕੂਲਾਂ ਦੀਆਂ ਵੈੱਬਸਾਈਟਾਂ ਨੂੰ ਸੁਧਾਰਨ ਵਿੱਚ ਸਹਾਇਤਾ ਲਈ, EDB ਨੇ ਸਕੂਲਾਂ ਨੂੰ $10,000 ਦੀ ਗ੍ਰਾਂਟ ਪ੍ਰਦਾਨ ਕੀਤੀ ਹੈ। ਜਿਨ੍ਹਾਂ ਸਕੂਲਾਂ ਨੇ ਆਪਣੀਆਂ ਵੈੱਬਸਾਈਟਾਂ 'ਤੇ ਸਾਰੀ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਪ੍ਰਦਾਨ ਕੀਤੀ ਹੈ, ਉਨ੍ਹਾਂ ਨੂੰ $20,000 ਦੀ ਗ੍ਰਾਂਟ ਦਿੱਤੀ ਗਈ ਹੈ।

## ਪੁੱਛਗਿੱਛ

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਆਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਲਿਖੇ ਮਾਧਿਅਮਾਂ ਰਾਹੀਂ ਗੈਰ-ਚੀਨੀ ਭਾਸ਼ੀ ਵਿਦਿਆਰਥੀ ਸਹਾਇਤਾ ਅਤੇ ਸਿੱਖਿਆ ਕਮਿਸ਼ਨ ਸੈਕਸ਼ਨ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Mr Daniel LAM / Ms Chilli WONG |
| ਅਹੁੱਦਾ | : | Assistant Education Officer (Non-Chinese Speaking Student Support and Education Commission)22 /<br>Assistant Education Officer (Non-Chinese Speaking Student Support and Education Commission)23 |
| ਟੈਲੀਫੋਨ ਨੰ. | : | 3509 8572 / 3509 8569 |
| ਫੈਕਸ ਨੰ | : | 2537 4591 |
| ਈਮੇਲ | : | educomst@edb.gov.hk |
| ਡਾਕ ਪਤਾ | : | 7/F, East Wing, Central Government Offices,<br>2 Tim Mei Avenue,<br>Tamar, Hong Kong |

**ਸਿੱਖਿਆ ਬਿਉਰੋ**

**ਮਈ 2026**